All Rights Reserved.

# ਕੁਰਾਨ ਦੀ ਕਹਾਣੀ

G. 190

## ਕੁਰਾਨ ਕਿਂਵੇਂ ਬਣਿਆ ਹੈ ?

ਮੁਸਲਮਾਨਾਂ ਦੀਆਂ ਪ੍ਰਮਾਣੀਕ ਪੁਸਤਕਾਂ ਤੇ
ਪ੍ਰਸਿਧ ਉਲਮਾਵਾਂ ਦੇ ਸਿਧਾਂਤ

DYAL SINGH LIBRARY LAHORE

ਲਿਖਤ—ਸੇਵਾ ਸਿੰਘ

# ਕੁਰਾਨ

'ਕੁਰਾਨ' ਅਰਬੀ ਭਾਸ਼ਾ ਦਾ ਸ਼ਬਦ ਹੈ, ਇਹਦੇ ਅਰਥ ਹਨ 'ਪੜ੍ਹਨਾ' ਤੇ 'ਪੜ੍ਹੇ ਜਾਣ'। ਕੁਰਾਨ ਪਹਿਲਾਂ ਇਸ ਕਿਤਾਬ ਦੇ ਇਕ ਹਿਸੇ ਦਾ ਨਾਮ ਸੀ, ਹੁਣ ਸਾਰੀ ਕਿਤਾਬ ਦਾ ਹੋ ਗਿਆ ਹੈ। ਫੁਰਕਾਨ, ਕੁਰਾਨਿਮਜੀਦ, ਕੁਰਾਨਿਸ਼ਰੀਫ ਤੇ ਅਲਕਿਤਾਬ ਆਦਿਕ ਕੁਰਾਨ ਦੇ ਕਈ ਨਾਮ ਹਨ। ਮੁਸਲਮਾਨੀ ਮਤ ਦੀ ਬੁਨਿਆਦ ਇਸੇ ਪੁਸਤਕ ਤੇ ਹੈ ਤੇ ਇਹਨਾਂ ਦਾ ਨਿਸਚਾ ਹੈ ਕਿ ਇਹ ਮਨੁਖ ਰਚਿਤ ਨਹੀਂ ਰੱਬੀ ਕਲਾਮ ਹੈ, ਜੋ ਸੰਸਾਰ ਦੇ ਰਚੇ ਜਾਣ ਤੋਂ ਪਹਿਲਾਂ 'ਲੌਹੇ ਮਹਫੂਜ਼'* ਤੇ ਲਿਖੀ ਸੀ। ਕੁਰਾਨ ਦ ਸੂਰਾਏਬ੍ਰੂਜ ਵਿਚ ਵੀ ਇਜ ਹੀ ਲਿਖਿਆ ਹੈ "ਬਲਿ ਹੁਵਾ ਕਰਆਨੁ

*ਮੁਆਲਿਮ ਨਾਮ ਦੀ ਪੁਸਤਕ ਵਿਚ ਅਲਾਮਾ ਬਗਵੀ ਇਬਨ ਅਬਾਸ ਦੀ ਜ਼ਬਾਨੀ ਲਿਖਦੇ ਹਨ ਕਿ:—

"ਲੌਹਿ ਮਹਫੂਜ਼" ਚਿੱਟੀ ਮਣੀ ਦੀ ਬਣੀ ਹੋਈ ਹੈ ਲਮਿਤਣ ਵਿਚ ਪ੍ਰਿਥਵੀ ਤੋਂ ਅਕਾਸ਼ ਤੇ ਚੁੜਿਤਣ ਵਿਚ ਪੂਰਬ ਤੋਂ ਪੱਛਮ ਜਿੰਨੀ ਹੈ, ਇਹਦੇ ਕੰਢਿਆਂ ਤੇ ਲਾਲ ਰੰਗ ਦੀਆਂ ਚੂਨੀਆਂ (ਯਾਕੂਤ) ਜੜੀਆਂ ਹਨ ਅਤੇ ਇਸ ਤਖਤੀ ਤੇ ਕੁਰਾਨ ਨੂਰ ਦੀ ਕਲਮ ਨਾਲ ਲਿਖਿਆ ਹੋਇਆ ਹੈ।"

ਮੁਲਾ ਸਯੂਤੀ ਆਪਣੀ ਪੁਸਤਕ 'ਇਤਕਾਨ' ਵਿਚ ਲਿਖਦੇ ਹਨ ਕਿ "ਲੌਹੇ ਮਹਫੂਜ਼ ਤੇ ਕੁਰਾਨ ਸ਼ਰੀਫ ਦਾ ਇਕ ਇਕ ਅੱਖਰ ਕੋਹ ਕਾਫ ਨਾਮ ਦੇ ਪਹਾੜ ਜਿੰਨਾ ਮੋਟਾ ਲਿਖਿਆ ਹੈ।"

[ਬਾਕੀ ਦੇਖੋ ਸਫ਼ਾ ੪

ਮਜੀਦੁਨ ਫ਼ੀ ਲੌਹਿ ਮਹਫ਼ੂਜ਼" ਤੇ ਇਸ ਥਾਂ ਤੋਂ ਰਮਜ਼ਾਨ ਦੇ ਮਹੀਨੇ "ਲੈਲ ਤੁਲ ਕਦਰ" (ਲੈਲ = ਰਾਤ) (ਕਦਰ = ਸ਼ੁਭ, ਉਤਮ) ਨੂੰ ਉਤਾਰਿਆ ਗਿਆ ਹੈ। ਕੁਰਾਨ ਵਿਚ ਲਿਖਿਆ ਹੈ ਕਿ:–"ਸ਼ਹਰੋ ਰਮਜ਼ਾਨ = ਲੱਜ਼ੀ ਉਨਿਜ਼ਿਲਾ ਫ਼ੀਹਿਲ ਕੁਰਆਨ।" [ਸਰਾਏ ਬਕਰ

---

[੩ ਸਫੇ ਦੇ ਫੁਟਨੋਟ ਦੀ ਬਾਕੀ]

ਇਬਨੇ ਅਬੀ ਹਾਤਮ ਨੇ ਇਬਨ ਸਾਬਤ ਤੋਂ ਰਵਾਇਤ ਲਿਖੀ ਹੈ ਕਿ "ਪ੍ਰਲੈ ਦੇ ਦਿਨ ਤੀਕਣ ਜੋ ਕੁਝ ਹੋਣ ਵਾਲਾ ਹੈ ਉਹ ਲੌਹੇ ਮਹਫ਼ੂਜ਼ ਤੇ ਲਿਖਿਆ ਹੈ, ਤੇ ਲੌਹੇ ਮਹਫ਼ੂਜ਼ ਦੀ ਰਖਯਾ ਲਈ ਤਿੰਨ ਦੂਤ ਨੀਯਤ ਹਨ:–

੧--ਜਬਰਾਈਲ, ਪੈਗ਼ੰਬਰਾਂ ਪੁਰ ਅਕਾਸ਼ ਬਾਣੀ ਉਤਾਰਨਾ ਤੇ ਲੜਾਈਆਂ ਵਿਚ ਰੱਬ ਦੇ ਪਿਆਰਿਆਂ ਦੀ ਰਖਿਆ ਕਰਨਾ ਇਹਦਾ ਕੰਮ ਹੈ।

੨--ਮੇਕਾਈਲ--ਮੀਂਹ ਵਸਾਣਾ ਤੇ ਬਨਾਸਪਤੀ ਦੇ ਅੰਕੁਰ ਕਢਣੇ ਇਹਦੇ ਸਪੁਰਦ ਹੈ।

੩--ਮਲਕੁਲ ਮੌਤ–ਇਹ ਮਨੁਖਾਂ ਦੀ ਜਾਨ ਕਢਣ ਵਾਲਾ ਹੈ। ਕਿਆਮਤ (ਪ੍ਰਲੈ) ਦੇ ਦਿਨ ਇਹ ਤਿੰਨੇ ਫਰਿਸ਼ਤੇ ਆਪਣੇ ਕੀਤੇ ਕੰਮਾਂ ਨੂੰ ਲੌਹੇ ਮਹਫ਼ੂਜ਼ ਦੀ ਲਿਖਤ ਨਾਲ ਮਿਲਾਕੇ ਵੇਖਣਗੇ ਕਿ ਉਹਨਾਂ ਜੋ ਕੁਝ ਕੀਤਾ ਹੈ, ਉਹ ਲਿਖਤ ਦੇ ਨਾਲ ਮਿਲਦਾ ਹੈ ਕਿ ਨਹੀਂ, ਇਹਨਾਂ ਦੇ ਕੰਮ ਲੌਹੇ ਮਹਫ਼ੂਜ਼ ਦੀ ਲਿਖਤ ਨਾਲ ਇਨ ਬਿਨ ਮਿਲਨਗੇ।

ਤਫਸੀਰੇ ਕਾਸ਼ਾਨੀ ਵਿਚ ਲਿਖਿਆ ਹੈ ਕਿ ਖ਼ੁਦਾ ਹਰ ਰੋਜ਼ ੩੬੦ ਵੇਰ ਲੌਹੇ ਮਹਫ਼ੂਜ਼ ਨੂੰ ਵੇਖਦਾ ਹੈ।



ਮੁਲਾ ਸਯੂਤੀ 'ਇਤ ਕਾਨ' ਵਿਚ ਲਿਖਦੇ ਹਨ ਕਿ.–

"ਸਾਰਾ ਕੁਰਆਨ ਲੌਹੇ ਮਹਫ਼ੂਜ਼ ਤੋਂ ਇਕੋ ਰਾਤ ਨੂੰ ਦੁਨੀਆਂ ਦੇ ਅਸਮਾਨ ਤੇ ਆਂਦਾ ਗਿਆ ਤੇ ਫਿਰ ਇਥੋਂ ਥੋੜਾ ਥੋੜਾ ਕਰਕੇ ਕੋਈ ੨੫ ਸਾਲ ਦੇ ਵਿਚ ਹਜ਼ਰਤ ਮੁਹੰਮਦ ਸਾਹਿਬ ਤੇ ਉਤਾਰਿਆ ਗਿਅ।"

ਇਸੇ ਕਿਤਾਬ ਵਿਚ ਇਹ ਵੀ ਲਿਖਿਆ ਹੈ ਕਿ:– "ਇਕ ਸਾਲ ਦੇ ਵਿਚ ਜਿੰਨਾ ਕੁਰਆਨ ਪੈਗ਼ੰਬਰ ਨੂੰ ਮਿਲਣਾ ਹੁੰਦਾ ਸੀ ਉਨਾਂ ਹੀ ਦੁਨੀਆਂ ਦੇ ਅਕਾਸ਼ ਤੇ ਆਉਂਦਾ ਸੀ। ਫਿਰ ਉਥੋਂ ਸਾਰਾ ਸਾਲ ਲੋੜ ਵੇਲੇ ਆਇਤਾਂ ਲੈਕੇ ਫਰਿਸ਼ਤਾ ਆਉਂਦਾ ਰਿਹਾ ਤੇ ੨੫ ਸਾਲ ਵਿਚ ਪੂਰਾ ਉਤਰਿਆ, ਇੰਜ ੨੫ 'ਲੈਲ ਤੁਲ ਕਦਰ' ਦੀਆਂ ਰਾਤਾਂ ਲੌਹੇ ਮਹਫ਼ੂਜ਼ ਤੋਂ ਦੁਨੀਆਂ ਦੇ ਅਕਾਸ਼ ਤੇ ਫਿਰ ਇਥੋਂ ੨੫ ਸਾਲਾਂ ਵਿਚ ਹਜ਼ਰਤ ਮੁਹੰਮਦ ਸਾਹਿਬ ਤੀਕਣ ਪੁਜਾ।" [ਖੰਡ ੧੬

ਲੌਹੇ ਮਹਫ਼ੂਜ਼ ਥੀਂ ਕੁਰਾਨ ਲਿਆਕੇ ਦੁਨੀਆਂ ਦੇ ਅਕਾਸ਼ ਦੀ ਜਿਸ ਥਾਂ ਤੇ ਰਖਿਆ ਜਾਂਦਾ ਸੀ ਉਹਨੂੰ 'ਬੈਤੁਲਇਜ਼ਾ' 'ਬੈਤੁਲ ਮਾਮੂਰ' ਤੇ 'ਬੈਤੁਲ ਐਹਸਾਨ' ਆਦਿਕ ਨਾਮ ਦਿਤੇ ਗਏ ਹਨ।

ਕਿਤਾਬੁਲ ਵਕਫ਼ ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਉਤੇ ਦਿਨ ਵਿਚ ਇਕ ਇਕ, ਦੋ ਦੋ, ਤਿੰਨ ਤਿੰਨ ਤੇ ਚਾਰ ਚਾਰ ਵੇਰ ਥੋੜ ਆਂ ਥੋੜੀਆਂ ਕਰਕੇ ਆਇਤਾਂ ਉਤਰੀਆਂ ਸਨ।

——0——

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.